Media Release

ਤੁਰੰਤ ਰਿਲੀਜ ਲਈ

# ਸਿਟੀ ਨੇ ਕੋਵਿਡ-19 ਦੇ ਦੌਰਾਨ ਲੋਕਲ ਰੈਸਟੋਰੈਂਟਾਂ ਨੂੰ ਸਹਿਯੋਗ ਕਰਨ ਲਈ ਪੈਟਿਓ ਬ੍ਰੈਂਪਟਨ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ

ਬ੍ਰੈਂਪਟਨ, ਓਨਟੈਰੀਓ (24 ਜੂਨ, 2020) – ਅੱਜ, ਓਨਟੈਰੀਓ ਸਰਕਾਰ (Government of Ontario) ਨੇ ਰੀਜਨ ਆਫ ਪੀਲ (Region of Peel) ਨੂੰ ਦੁਬਾਰਾ ਖ੍ਹੋਲਣ ਦੇ ਪੜਾਅ 2 ਵਿੱਚ ਦਾਖ਼ਲ ਹੋਣ ਦੀ ਇਜਾਜ਼ਤ ਦਿੱਤੀ, ਜਿਸ ਨਾਲ ਬ੍ਰੈਂਪਟਨ ਵਿੱਚ ਰੈਸਟੋਰੈਂਟਾਂ ਅਤੇ ਬਾਰਾਂ ਦੇ ਬਾਹਰੀ ਖੇਤਰਾਂ (ਆਉਟਡੋਰ ਏਰੀਆਜ) ਨੂੰ ਖਾਣੇ ਲਈ ਖੋਲਿਆ ਜਾ ਸਕੇਗਾ। ਇਸ ਤਬਦੀਲੀ ਨੂੰ ਸਹਿਯੋਗ ਕਰਨ ਲਈ, ਸਿਟੀ ਆਫ ਬ੍ਰੈਂਪਟਨ ਨੇ, ਪੈਟਿਓ ਬ੍ਰੈਂਪਟਨ (Patio Brampton) ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਹੈ। ਇਹ ਪ੍ਰੋਗਰਾਮ, ਰੈਸਟੋਰੈਂਟਾਂ ਅਤੇ ਬਾਰਾਂ ਲਈ, ਉਹਨਾਂ ਦੇ ਪੈਟਿਓਜ ਦਾ ਵਿਸਤਾਰ ਕਰਨ ਅਤੇ ਬਾਹਰਲੀਆਂ ਥਾਵਾਂ (ਆਉਟਡੋਰ ਸਪੇਸਿਜ) ਤੇ ਸਰੀਰਕ ਦੂਰੀ ਕਾਇਮ ਰੱਖਣ ਨੂੰ ਕਾਫੀ ਅਸਾਨ ਬਣਾ ਦੇਵੇਗਾ। ਪੈਟਿਓ ਬ੍ਰੈਂਪਟਨ ਪ੍ਰੋਗਰਾਮ ਰਾਹੀਂ, ਵੱਧ ਨਿਵਾਸੀ ਗਰਮੀ ਦੇ ਮੌਸਮ ਵਿੱਚ ਅਨੰਦ ਮਾਣਨ ਲਈ ਬਾਹਰ ਜਾ ਸਕਣਗੇ ਅਤੇ ਲੋਕਲ ਕਾਰੋਬਾਰਾਂ ਨੂੰ ਸਹਿਯੋਗ ਕਰ ਸਕਣਗੇ।

ਲੋਕਲ ਕਾਰੋਬਾਰ, ਬ੍ਰੈਂਪਟਨ ਦੇ ਅਰਥਚਾਰੇ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ ਅਤੇ ਸਿਟੀ, ਉਹਨਾਂ ਦੀ ਕੋਵਿਡ-19 (COVID-19) ਮਹਾਂਮਾਰੀ ਦੇ ਪ੍ਰਭਾਵਾਂ ਤੋਂ ਬਹਾਲੀ ਵਿੱਚ ਉਹਨਾਂ ਨੂੰ ਸਹਿਯੋਗ ਕਰਨ ਲਈ ਵਚਨਬੱਧ ਹੈ। ਪੈਟਿਓ ਬ੍ਰੈਂਪਟਨ ਪ੍ਰੋਗਰਾਮ, ਅਰਜ਼ੀਆਂ ਅਤੇ ਪਰਮਿਟਾਂ ਦੀ ਵੱਧ ਜਲਦੀ ਪ੍ਰਕਿਰਿਆ ਨੂੰ ਯਕੀਨੀ ਬਣਾਵੇਗਾ। ਇਹ ਪ੍ਰੋਗਰਾਮ, 1 ਜਨਵਰੀ, 2021 ਤੱਕ, ਪਗਡੰਡੀ, ਪਾਰਕਿੰਗ ਲੋਟ ਅਤੇ ਪਗਡੰਡੀ ਦੇ ਕਿਨਾਰੇ ਦੇ ਪੈਟਿਓ ਲਈ ਫੀਸਾਂ ਤੋਂ ਛੋਟ ਦੀ ਇਜਾਜ਼ਤ ਵੀ ਦੇਵੇਗਾ।

ਬਾਹਰਲੀਆਂ ਥਾਵਾਂ (ਆਉਟਡੋਰ ਸਪੇਸਿਜ) ਦਾ ਵਿਸਤਾਰ ਕਰਨ ਦੇ ਦੋ ਵਿਕਲਪ ਉਪਲਬਧ ਹੋਣਗੇ:

- **ਪ੍ਰਾਈਵੇਟ ਪ੍ਰਾਪਰਟੀ ਦੇ ਅੰਦਰ ਅਸਥਾਈ ਪੈਟਿਓ ਵਿਸਤਾਰ –** ਇਸ ਵਿਕਲਪ ਨਾਲ, ਨਵੇਂ ਅਸਥਾਈ ਪੈਟਿਓ ਬਣਾਏ ਜਾ ਸਕਣਗੇ ਅਤੇ ਪਾਰਕਿੰਗ ਲੋਟਸ ਸਮੇਤ, ਪ੍ਰਾਈਵੇਟ ਪ੍ਰਾਪਰਟੀ ਦੇ ਅੰਦਰ, ਮੌਜੂਦਾ ਰੈਸਟੋਰੈਂਟ ਅਤੇ ਬਾਰ ਦੇ ਪੈਟਿਓਜ ਦਾ ਅਸਥਾਈ ਵਿਸਤਾਰ ਹੋ ਸਕੇਗਾ।
- **ਮਿਊਨਿਸਿਪਲ ਪ੍ਰਾਪਰਟੀ ਤੇ ਜਾਂ ਜਨਤਾ ਲਈ ਅਧਿਕਾਰਤ ਰਸਤੇ ਦੇ ਅੰਦਰ ਅਸਥਾਈ ਪੈਟਿਓ ਵਿਸਤਾਰ** – ਇਸ ਵਿਕਲਪ ਨਾਲ, ਜਨਤਾ ਲਈ ਅਧਿਕਾਰਤ ਰਸਤਿਆਂ (ਪਗਡੰਡੀਆਂ) ਸਮੇਤ, ਮਿਊਨਿਸਿਪਲ ਪ੍ਰਾਪਰਟੀ ਤੇ ਪੈਟਿਓਜ ਬਣਾਏ ਜਾ ਸਕਣਗੇ ਜਾਂ ਪੈਟਿਓਜ ਦਾ ਵਿਸਤਾਰ ਕੀਤਾ ਜਾ ਸਕੇਗਾ।

ਅਸਥਾਈ ਪੈਟਿਓਜ ਦੀ ਇਜਾਜ਼ਤ ਸਿਰਫ਼, ਸਥਾਪਤ ਰੈਸਟੋਰੈਂਟਾਂ, ਬਾਰਾਂ ਅਤੇ ਹੋਰ ਖਾਣ-ਪੀਣ ਦੇ ਸੰਸਥਾਨਾਂ ਲਈ ਹੀ ਹੋਵੇਗੀ। ਕਾਰੋਬਾਰੀਆਂ ਕੋਲ ਇਹਨਾਂ ਨੂੰ ਚਲਾਉਣ ਲਈ ਵੈਧ ਕਾਰੋਬਾਰ ਸਬੰਧੀ ਲਾਇਸੈਂਸ/ਰਜਿਸਟਰੇਸ਼ਨ ਹੋਣਾ ਲਾਜ਼ਮੀ ਹੈ। ਪਹੁੰਚਯੋਗ ਪਾਰਕਿੰਗ ਥਾਵਾਂ, ਪਾਰਕਿੰਗ ਵਰਤੋਂ ਅਤੇ ਪਹੁੰਚ ਲਈ ਉਪਲਬਧ ਰਹਿਣੀਆਂ ਲਾਜ਼ਮੀ ਹਨ। ਅਸਥਾਈ ਪੈਟਿਓਜ ਵਿਸਤਾਰ, ਨਿਯਤ ਫਾਇਰ ਰੂਟ ਜਾਂ ਚੌਰਾਹਿਆਂ ਤੇ ਲੱਗੇ ਤਿਕੋਣੇ ਸਾਈਨ ਬੋਰਡਾਂ (ਸਾਈਟ ਟ੍ਰਾਈਐਂਗਲਸ) ਦੇ ਅੰਦਰ ਸਥਿਤ ਨਹੀਂ ਹੋਣੇ ਚਾਹੀਦੇ। ਰੈਸਟੋਰੈਂਟ ਅਤੇ ਬਾਰ ਦੇ ਗਾਹਕਾਂ ਲਈ, ਉਚਿਤ ਸੰਖਿਆ ਵਿੱਚ ਸਟੈਂਡਰਡ ਪਾਰਕਿੰਗ ਥਾਵਾਂ ਨੂੰ ਬਰਕਰਾਰ ਰੱਖਿਆ ਜਾਣਾ ਚਾਹੀਦਾ ਹੈ।

ਅਸਥਾਈ ਪੈਟਿਓ ਵਿਸਤਾਰ (Temporary Patio Expansion) ਲਈ ਅਰਜ਼ੀ, ਸਿਟੀ ਦੀ ਵੈਬਸਾਈਟ (website) ਤੇ ਉਪਲਬਧ ਹੈ। ਅਰਜ਼ੀ, ਸਿਟੀ ਦੇ ਕਲਰਕ ਦੇ ਦਫ਼ਤਰ ਤੇ ਔਨਲਾਈਨ ਜਮ੍ਹਾਂ ਕੀਤੀ ਜਾ ਸਕਦੀ ਹੈ। ਕੋਵਿਡ-19 ਮਹਾਂਮਾਰੀ ਦੇ ਦੌਰਾਨ, ਸਟਾਫ਼ ਦੀ ਸਿਹਤ ਅਤੇ ਸੁਰੱਖਿਆ ਨੂੰ ਕਾਇਮ ਰੱਖਦੇ ਹੋਏ, ਰੈਸਟੋਰੈਂਟ ਦੇ ਮਾਲਕਾਂ ਲਈ, ਅਰਜ਼ੀ ਦੀ ਸਮੀਖਿਆ ਸਬੰਧੀ ਪ੍ਰਕਿਰਿਆ ਅਤੇ ਆਖ਼ਰੀ ਤਾਰੀਖਾਂ ਨੂੰ ਅਸਾਨ ਅਤੇ ਲਾਭਕਾਰੀ ਬਣਾਇਆ ਜਾਵੇਗਾ।

ਪਰਮਿਟ ਲੈਣ ਬਾਰੇ ਹੋਰ ਜਾਣਕਾਰੀ ਲਈ, ਪੈਟਿਓ ਬ੍ਰੈਂਪਟਨ ਪੇਜ (Patio Brampton page) ਤੇ ਜਾਓ।

ਸਿਟੀ ਆਫ ਬ੍ਰੈਂਪਟਨ, ਕੋਵਿਡ-19 ਤੋਂ ਭਾਈਚਾਰੇ ਦੀ ਸਮੂਹਿਕ ਬਹਾਲੀ ਅਤੇ ਸਟਾਫ਼ ਅਤੇ ਨਿਵਾਸੀਆਂ ਦੀ ਸਿਹਤ ਅਤੇ ਸੁਰੱਖਿਆ ਲਈ ਵਚਨਬੱਧ ਹੈ। ਪੈਟਿਓ ਬ੍ਰੈਂਪਟਨ ਇਹ ਯਕੀਨੀ ਬਣਾਵੇਗਾ ਕਿ ਕਾਰੋਬਾਰੀ, ਸਰੀਰਕ ਦੂਰੀ ਜਿਹੇ ਉਪਾਵਾਂ ਅਤੇ ਜਨਤਾ ਦੀ ਸਿਹਤ ਦੇ ਸਬੰਧ ਵਿੱਚ, ਓਨਟੈਰੀਓ ਸਰਕਾਰ ਵੱਲੋਂ ਜਾਰੀ ਕੀਤੇ ਗਏ ਹੋਰ ਨਿਰਦੇਸ਼ਾਂ ਜਾਂ ਆਦੇਸ਼ਾਂ ਦਾ ਸਨਮਾਨ ਕਰਦੇ ਹੋਏ, ਸੁਰੱਖਿਅਤ ਤਰੀਕੇ ਨਾਲ ਸੰਚਾਲਨ ਕਰਨਾ ਜਾਰੀ ਰੱਖ ਸਕਦੇ ਹਨ।

**ਇਕੋਨੋਮਿਕ ਰਿਕਵਰੀ ਸਟ੍ਰੈਟਜੀ**

ਲੋਕਲ ਕਾਰੋਬਾਰ, ਬ੍ਰੈਂਪਟਨ ਦੇ ਅਰਥਚਾਰੇ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ। ਪਿਛਲੇ ਮਹੀਨੇ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ, ਬ੍ਰੈਂਪਟਨ ਦੀ ਇਕੋਨੋਮਿਕ ਰਿਕਵਰੀ ਸਟ੍ਰੈਟਜੀ (Economic Recovery Strategy) ਨੂੰ ਮਨਜ਼ੂਰੀ ਦਿੱਤੀ ਸੀ, ਜਿਸ ਵਿੱਚ ਛੋਟੇ ਕਾਰੋਬਾਰਾਂ, ਰੈਸਟੋਰੈਂਟਾਂ ਅਤੇ ਟੂਰਿਜ਼ਮ ਨੂੰ ਸਹਿਯੋਗ ਕਰਨ ਦੇ ਕੰਮ ਸ਼ਾਮਲ ਹਨ। ਇਸ ਕਾਰਜਨੀਤੀ ਦੇ ਹਿੱਸੇ ਵਜੋਂ, ਸਿਟੀ ਨੇ ਕੋਵਿਡ-19 ਦੇ ਦੌਰਾਨ ਅਤੇ ਇਸਤੋਂ ਬਾਅਦ, ਨਿਵਾਸੀਆਂ ਨੂੰ ਲੋਕਲ ਵਸਤਾਂ ਦੀ ਪੜਚੋਲ ਕਰਨ, ਉਹਨਾਂ ਦੀ ਚੋਣ ਕਰਨ ਅਤੇ ਖਰੀਦਣ ਦੀ ਸਲਾਹ ਦਿੰਦੇ ਹੋਏ, ਆਪਣੀ "ਸਪੋਰਟ ਲੋਕਲ" ਮੁਹਿੰਮ ("Support Local" campaign) ਦੀ ਸ਼ੁਰੂਆਤ ਕੀਤੀ ਸੀ।

ਕੋਵਿਡ-19 ਦੇ ਦੌਰਾਨ, ਸਿਟੀ ਵੱਲੋਂ ਭਾਈਚਾਰੇ ਨੂੰ ਸਹਿਯੋਗ ਕਰਨ ਦੇ ਯਤਨਾਂ ਬਾਰੇ ਹੋਰ ਜਾਣਕਾਰੀ ਲਈ, [www.brampton.ca/COVID19](http://www.brampton.ca/COVID19) ਤੇ ਜਾਓ ਜਾਂ @CityBrampton ਨੂੰ Twitter, Facebook ਅਤੇ Instagram ਤੇ ਫਾੱਲੋ ਕਰੋ।

**ਹਵਾਲੇ**

"ਜਿਵੇਂ ਕਿ ਅਸੀਂ ਸਟੇਜ 2 ਵੱਲ ਵਧ ਰਹੇ ਹਾਂ ਅਤੇ ਸਾਡੇ ਰੈਸਟੋਰੈਂਟ ਆਪਣੇ ਪੈਟਿਓਜ ਖੋਲ੍ਹ ਰਹੇ ਹਨ, ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਅਸੀਂ ਉਹਨਾਂ ਦੀ ਸੇਵਾ ਸਮਰੱਥਾ ਨੂੰ ਵਧਾਉਣ ਵਾਸਤੇ, ਜਲਦੀ ਨਾਲ ਉਹਨਾਂ ਦੀਆਂ ਥਾਵਾਂ ਦਾ ਵਿਸਤਾਰ ਕਰਨ ਵਿੱਚ ਉਹਨਾਂ ਨੂੰ ਸਹਿਯੋਗ ਕਰ ਰਹੇ ਹਾਂ। ਨਾਲ ਹੀ, ਅਸੀਂ ਇਹ ਵੀ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਉਹ ਪੀਲ ਪਬਲਿਕ ਹੈਲਥ ਅਤੇ ਸੂਬੇ ਦੇ, ਸਰੀਰਕ ਦੂਰੀ ਸਬੰਧੀ ਨਿਰਦੇਸ਼ਾਂ ਦੀ ਪਾਲਣਾ ਕਰ ਰਹੇ ਹਨ। ਆਓ, ਅਸੀਂ ਸਾਰੇ ਇਸ ਗਰਮੀ, ਬ੍ਰੈਂਪਟਨ ਦੇ ਸਾਡੇ ਲੋਕਲ ਰੈਸਟੋਰੈਂਟਾਂ ਨੂੰ ਸਹਿਯੋਗ ਕਰਦੇ ਹੋਏ, ਬਹੁਤ ਸਾਰੇ ਸ਼ਾਨਦਾਰ ਪੈਟਿਓਜ ਦਾ ਪੂਰਾ ਲਾਭ ਉਠਾਈਏ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਸਾਡੇ ਵੰਨ-ਸੁਵੰਨੇ ਸ਼ਹਿਰ ਵਿੱਚ ਸਾਡੇ ਕੋਲ ਕਈ ਤਰ੍ਹਾਂ ਦੇ ਸ਼ਾਨਦਾਰ ਰੈਸਟੋਰੈਂਟ ਹਨ। ਜਿਵੇਂ ਕਿ ਅਸੀਂ ਬਹਾਲੀ ਵੱਲ ਵਧ ਰਹੇ ਹਾਂ, ਹੁਣ ਇਹ ਪਹਿਲਾਂ ਤੋਂ ਕਿਤੇ ਵੱਧ ਮਹੱਤਵਪੂਰਣ ਹੈ ਕਿ ਅਸੀਂ ਲੋਕਲ ਨੂੰ ਸਹਿਯੋਗ ਕਰੀਏ। ਪੈਟਿਓ ਬ੍ਰੈਂਪਟਨ ਪ੍ਰੋਗਰਾਮ ਨਾਲ, ਸਾਡੇ ਲੋਕਲ ਰੈਸਟੋਰੈਂਟ ਸਾਨੂੰ ਵੱਧ ਥਾਂ ਪ੍ਰਦਾਨ ਕਰ ਸਕਣਗੇ, ਜਿੱਥੇ ਅਸੀਂ ਗਰਮੀ ਦੇ ਮੌਸਮ ਵਿੱਚ, ਨਵੇਂ ਭੋਜਨ ਅਜਮਾਉਂਦੇ ਹੋਏ ਅਤੇ ਸਾਡੇ ਲੋਕਲ ਕਾਰੋਬਾਰਾਂ ਨੂੰ ਸਹਿਯੋਗ ਕਰਦੇ ਹੋਏ, ਉਹਨਾਂ ਦੇ ਪੈਟਿਓਜ ਵਿੱਚ ਅਨੰਦ ਮਾਣ ਸਕਾਂਗੇ।"

- *ਪਾੱਲ ਵਿਸੇਂਟ (Paul Vicente), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਕੋ-ਲੀਡ, ਇਕੋਨੋਮਿਕ ਸਪੋਰਟ ਟਾਸਕ ਫੋਰਸ; ਸਿਟੀ ਆਫ ਬ੍ਰੈਂਪਟਨ*

"ਮੈਂ ਸਾਡੇ ਲੋਕਲ ਰੈਸਟੋਰੈਂਟਾਂ ਨੂੰ ਸਲਾਹ ਦਿੰਦਾ ਹਾਂ ਕਿ ਉਹ ਪੈਟਿਓ ਬ੍ਰੈਂਪਟਨ ਪ੍ਰੋਗਰਾਮ ਰਾਹੀਂ, ਵਧੀ ਹੋਈ ਮਿਆਦ ਵਾਲੇ ਪੈਟਿਓ ਲਾਇਸੈਂਸ ਲਈ ਅਰਜ਼ੀ ਦੇਣ ਤੇ ਵਿਚਾਰ ਕਰਨ। ਅਸੀਂ ਇਸਦੀ ਪ੍ਰਕਿਰਿਆ ਨੂੰ ਵੱਧ ਤੋਂ ਵੱਧ ਸਪਸ਼ਟ ਬਣਾਉਣ ਲਈ ਵਚਨਬੱਧ ਹਾਂ, ਤਾਂ ਜੋ ਕਾਰੋਬਾਰੀ ਜਲਦੀ ਨਾਲ ਸਾਡੇ ਭਾਈਚਾਰੇ ਲਈ, ਸੁਰੱਖਿਅਤ, ਵਧੀ ਹੋਈ ਸੇਵਾ ਪ੍ਰਦਾਨ ਕਰ ਸਕਣ।"

- *ਮਾਈਕਲ ਪਲੇਸ਼ੀ (Michael Palleschi), ਰੀਜਨਲ ਕਾਉਂਸਲਰ, ਵਾਰਡਸ 2 ਅਤੇ 6; ਕੋ-ਲੀਡ, ਇਕੋਨੋਮਿਕ ਸਪੋਰਟ ਟਾਸਕ ਫੋਰਸ; ਸਿਟੀ ਆਫ ਬ੍ਰੈਂਪਟਨ*

"ਸਾਡਾ ਰੀਓਪਨਿੰਗ ਐਂਡ ਰਿਕਵਰੀ ਵਰਕਿੰਗ ਗਰੁੱਪ, ਇਹ ਯਕੀਨੀ ਬਣਾਉਣ ਲਈ ਲਗਾਤਾਰ ਕੰਮ ਕਰ ਰਿਹਾ ਹੈ ਕਿ ਅਸੀਂ ਸਾਡੇ ਅਰਥਚਾਰੇ ਨੂੰ ਸਹਿਯੋਗ ਕਰਨ ਅਤੇ ਜਨਤਾ ਦੀ ਸੁਰੱਖਿਆ ਨੂੰ ਸਭ ਤੋਂ ਵੱਡੀ ਤਰਜੀਹ ਬਣਾਏ ਰੱਖਣ ਦੇ ਵਿਚਕਾਰ ਸਹੀ ਸੰਤੁਲਨ ਕਾਇਮ ਕਰਦੇ ਹੋਏ, ਸ਼ਹਿਰ ਨੂੰ ਦੁਬਾਰਾ ਖੋਲ੍ਹਣ ਦੇ

ਹਰੇਕ ਫੇਜ ਲਈ ਤਿਆਰ ਰਹੀਏ। ਸਾਡੀ ਸਿਟੀ ਦੇ ਪੈਟਿਓਜ ਨੂੰ ਦੁਬਾਰਾ ਖੋਲ੍ਹਣਾ, ਸਾਡੇ ਅਰਥਚਾਰੇ ਲਈ ਮਹੱਤਵਪੂਰਣ ਕੰਮ ਹੈ ਅਤੇ ਅਸੀਂ ਵਚਨਬੱਧ ਹਾਂ ਕਿ ਇਹ ਬਿਨਾਂ ਕਿਸੇ ਵਿਘਨ ਦੇ ਹੋਵੇ।"

- *ਮਾਰਟਿਨ ਮੇਡੇਇਰੋਸ (Martin Medeiros), ਰੀਜਨਲ ਕਾਉਂਸਲਰ, ਵਾਰਡਸ 3 ਅਤੇ 4; ਲੀਡ, ਰੀਓਪਨਿੰਗ ਐਂਡ ਰਿਕਵਰੀ ਵਰਕਿੰਗ ਗਰੁੱਪ*

"ਕਾਉਂਸਿਲ ਅਤੇ ਸਟਾਫ਼, ਸਟਾਫ਼ ਅਤੇ ਨਿਵਾਸੀਆਂ ਦੀ ਸਿਹਤ ਅਤੇ ਸੁਰੱਖਿਆ ਨੂੰ ਕਾਇਮ ਰੱਖਣਾ ਜਾਰੀ ਰੱਖਦੇ ਹੋਏ, ਲੋਕਲ ਕਾਰੋਬਾਰੀਆਂ ਨੂੰ ਸਹਿਯੋਗ ਕਰਨ ਲਈ ਵਚਨਬੱਧ ਹਨ, ਜਦੋਂ ਉਹ ਕੋਵਿਡ-19 ਮਹਾਂਮਾਰੀ ਦੇ ਜਾਰੀ ਪ੍ਰਭਾਵਾਂ ਤੋਂ ਬਾਹਰ ਨਿੱਕਲ ਰਹੇ ਹਨ। ਸਟਾਫ਼, ਪੈਟਿਓ ਬ੍ਰੈਂਪਟਨ ਪ੍ਰੋਗਰਾਮ ਹੇਠ, ਪਰਮਿਟਾਂ ਅਤੇ ਅਰਜ਼ੀਆਂ ਦੀ ਪ੍ਰਕਿਰਿਆ ਲਈ ਪੂਰੀ ਮਿਹਨਤ ਨਾਲ ਕੰਮ ਕਰੇਗਾ, ਤਾਂ ਜੋ ਬਾਰਾਂ ਅਤੇ ਰੈਸਟੋਰੈਂਟ ਸੁਰੱਖਿਅਤ ਰੂਪ ਨਾਲ, ਦੁਬਾਰਾ ਸਾਡੇ ਭਾਈਚਾਰੇ ਨੂੰ ਸੇਵਾ ਦੇ ਸਕਣ।"

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

"ਇਸ ਸਾਲ, ਤੁਰੰਤ ਮਨਜ਼ੂਰੀਆਂ ਪ੍ਰਾਪਤ ਕਰਨਾ, ਕਈ ਰੈਸਟੋਰੈਂਟਾਂ ਲਈ ਇੱਕ ਜ਼ਰੂਰੀ ਮੁੱਦਾ ਹੈ। ਸਿਟੀ ਆਫ ਬ੍ਰੈਂਪਟਨ ਦੀ ਸ਼ਾਬਾਸ਼ੀ ਹੈ ਕਿ ਉਸਨੇ ਪੂਰੇ ਸ਼ਹਿਰ ਵਿੱਚ, ਰੈਸਟੋਰੈਂਟ ਪੈਟਿਓ ਦੇ ਵਿਸਤਾਰਾਂ ਨੂੰ ਮਨਜ਼ੂਰੀ ਦੇਣ ਦੀ ਪ੍ਰਕਿਰਿਆ ਇੰਨੀ ਜਲਦੀ ਕੀਤੀ ਹੈ। ਇਹ ਨੀਤੀ, ਮਹਾਂਮਾਰੀ ਦੇ ਕਾਰਨ ਛੋਟੇ ਹੋਏ ਗਰਮੀ ਦੇ ਸੀਜਨ ਦੇ ਦੌਰਾਨ, ਲੋਕਲ ਰੈਸਟੋਰੈਂਟਾਂ ਦੀ, ਉਹਨਾਂ ਦੇ ਗਾਹਕਾਂ ਨੂੰ ਸੁਰੱਖਿਅਤ ਰੂਪ ਨਾਲ ਸੇਵਾ ਦੇਣ ਵਿੱਚ ਮਦਦ ਕਰਦੀ ਹੈ। ਮੇਅਰ, ਕਾਉਂਸਿਲ ਅਤੇ ਸਟਾਫ਼ ਦਾ ਧੰਨਵਾਦ।"

- *ਟੋਡ ਲੇਟਸ (Todd Letts), ਸੀ.ਈ.ਓ., ਬ੍ਰੈਂਪਟਨ ਬੋਰਡ ਆਫ ਟ੍ਰੇਡ*

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca